# Official Spokesperson's response to a media query regarding Gurdwara 'ShahidiAsthan' at Naulakha Bazaar in Lahore, Pakistan

July 27, 2020

.........................................................................................................

## ਸਰਕਾਰੀ ਬੁਲਾਰੇ ਵੱਲੋਂ ਪਾਕਿਸਤਾਨ ਦੇ ਲਾਹੌਰ ਵਿਖੇ ਨੌਲੱਖਾ ਬਾਜ਼ਾਰ 'ਚ ਗੁਰਦੁਆਰਾ 'ਸ਼ਹੀਦੀ ਅਸਥਾਨ' ਸੰਬੰਧੀ ਮੀਡੀਆ ਦੇ ਸਵਾਲ ਦਾ ਜਵਾਬ

**27 ਜੁਲਾਈ, 2020**

**ਪਾਕਿਸਤਾਨ ਦੇ ਲਾਹੌਰ ਵਿਖੇ ਨੌਲੱਖਾ ਬਾਜ਼ਾਰ 'ਚ ਗੁਰਦੁਆਰਾ 'ਸ਼ਹੀਦੀ ਅਸਥਾਨ' ਸੰਬੰਧੀ ਮੀਡੀਆ ਦੇ ਸਵਾਲ ਦੇ ਜਵਾਬ ਵਿੱਚ ਸਰਕਾਰੀ ਬੁਲਾਰੇ ਸ਼੍ਰੀ ਅਨੁਰਾਗ ਸ਼੍ਰੀਵਾਸਤਵ ਨੇ ਕਿਹਾ**

“ਪਾਕਿਸਤਾਨ ਦੇ ਲਾਹੌਰ ਵਿਖੇ ਨੌਲੱਖਾ ਬਜ਼ਾਰ 'ਚ ਭਾਈ ਤਾਰੂ ਸਿੰਘ ਜੀ ਦੀ ਸ਼ਹਾਦਤ ਵਾਲੀ ਜਗ੍ਹਾ ’ਤੇ ਬਣੇ ਹੋਏ ‘ਗੁਰਦੁਆਰਾ ਸ਼ਹੀਦੀ ਅਸਥਾਨ’ ਦੇ ਮਸਜਿਦ ਸ਼ਹੀਦਗੰਜ ਦੀ ਹੋਣ ਦਾ ਦਾਅਵਾ ਕੀਤੇ ਜਾਣ ਅਤੇ ਇਸ ਨੂੰ ਮਸਜਿਦ ਬਣਾਉਣ ਦੀਆਂ ਕੋਸ਼ਿਸ਼ਾਂ ਕੀਤੇ ਜਾਣ ਦੀ ਘਟਨਾ ਦੀ ਖਬਰ 'ਤੇ ਪਾਕਿਸਤਾਨ ਹਾਈ ਕਮੀਸ਼ਨ ਨਾਲ ਸਖਤ ਇਤਰਾਜ਼ ਦਰਜ ਕਰਾਇਆ ਗਿਆ।

‘ਗੁਰਦੁਆਰਾ ਸ਼ਹੀਦੀ ਅਸਥਾਨ ਭਾਈ ਤਾਰੂ ਜੀ’ ਇਤਿਹਾਸਕ ਗੁਰਦੁਆਰਾ ਹੈ, ਜਿਥੇ ਭਾਈ ਤਾਰੂ ਜੀ ਨੇ 1745 ਵਿਚ ਸ਼ਹੀਦੀ ਦਿੱਤੀ ਸੀ। ਇਹ ਗੁਰਦੁਆਰਾ ਸਿੱਖ ਭਾਈਚਾਰੇ ਲਈ ਪੂਜਾ ਦੀ ਥਾਂ ਹੈ ਅਤੇ ਇਸ ਨੂੰ ਪਵਿੱਤਰ ਮੰਨਿਆ ਜਾਂਦਾ ਹੈ। ਇਸ ਘਟਨਾ ਬਾਰੇ ਭਾਰਤ ਦੇ ਮਨ 'ਚ ਡੂੰਘੀ ਚਿੰਤਾ ਹੈ। ਪਾਕਿਸਤਾਨ ਵਿੱਚ ਘੱਟ ਗਿਣਤੀ ਸਿੱਖ ਭਾਈਚਾਰੇ ਲਈ ਇਨਸਾਫ ਲਈ ਕਈ ਪਾਸਿਓਂ ਮੰਗ ਕੀਤੀ ਗਈ ਹੈ।

ਭਾਰਤ ਨੇ ਇਸ ਘਟਨਾ ਬਾਰੇ ਬਹੁਤ ਸਖਤ ਸ਼ਬਦਾਂ ਵਿਚ ਆਪਣੀ ਚਿੰਤਾਵਾਂ ਪ੍ਰਗਟਾਈਆਂ ਅਤੇ ਪਾਕਿਸਤਾਨ ਤੋਂ ਮੰਗ ਕੀਤੀ ਕਿ ਉਹ ਇਸ ਮਾਮਲੇ ਦੀ ਜਾਂਚ ਕਰੇ ਅਤੇ ਸਥਿਤੀ ਨੂੰ ਠੀਕ ਕਰਨ ਲਈ ਤੁਰੰਤ ਕਦਮ ਚੁੱਕੇ। ਪਾਕਿਸਤਾਨ ਤੋਂ ਆਪਣੇ ਘੱਟ ਗਿਣਤੀ ਆਬਾਦੀ ਦੇ ਧਾਰਮਿਕ ਅਧਿਕਾਰਾਂ ਅਤੇ ਸੱਭਿਆਚਾਰਕ ਵਿਰਾਸਤ ਦੀ ਸੁਰੱਖਿਆ ਕਰਨ ਸਮੇਤ ਉਨ੍ਹਾਂ ਦੀ ਸੁਰੱਖਿਆ ਅਤੇ ਭਲਾਈ ਦਾ ਧਿਆਨ ਰੱਖਣ ਦੀ ਮੰਗ ਵੀ ਕੀਤੀ ਗਈ।

ਨਵੀਂ ਦਿੱਲੀ
27 ਜੁਲਾਈ, 2020

DISCLAIMER : This is an approximate translation. The original is available in English on MEA’s website and may be referred to as the official press release.